SCOTTISH EXECUTIVE

**ਦਿਆਂ ਵਿਭਾਗ**
ਫੌਜਦਾਰੀ ਦਿਆਂ ਗਰੁਪ

St Andrew's House
Regent Road
Edinburgh EH1 3DG

ਟੈਲੀਫ਼ੋਨ: 0131-244 2131
ਫੈਕਸ: 0131-244 2121
Micheline.Brannan@scotland.gsi.gov.uk
http://www.scotland.gov.uk

Your ref:
Our ref:

11 December 2002

ਪਿਆਰੇ ਪਰਾਮਰਸ਼ਦਾਤਾ,

**ਹਾਈ ਕੋਰਟ ਦੀ ਨਿਆਂ ਵਿਵਸਥਾ ਸੰਬੰਧੀ ਕਾਨੂੰਨੀ ਵਿਵਹਾਰ ਅਤੇ ਕਾਰਜਪ੍ਰਣਾਲੀ ਦੀ ਬਸੀਖਿਆ**

ਮੈਂ ਤੁਹਾਨੂੰ ਹਾਈ ਕੋਰਟ ਦੀ ਨਿਆਂ ਵਿਵਸਥਾ ਸੰਬੰਧੀ ਕਾਨੂੰਨੀ ਵਿਵਹਾਰ ਅਤੇ ਕਾਰਜਪ੍ਰਣਾਲੀ ਬਾਰੇ ਸਨਮਾਨ ਯੋਗ ਲਾਰਡ ਬੋਨੋਮੀ ਦੀ ਬਸਖਿਆ ਰਿਪੋਟ 2002 ਦੀ ਇਕ ਕਾਪੀ ਭੇਜਣ ਲਈ ਲਿਖ ਹਾਂ। ਉਪ-ਪ੍ਰਥਮ ਮੰਤਰੀ ਨੇ ਇਹ ਰਿਪੋਟ ਅੱਜ ਪ੍ਰਕਾਸ਼ਤ ਕੀਤੀ ਹੈ ਅਤੇ ਸਕਾਟਲੈਂਡ ਦੀ ਪਾਰਲੀਮੈਂਟ ਵਿਚ ਐਲਾਨ ਕੀਤਾ ਹੈ ਕਿ ਇਹਨਾਂ ਤਜਵੀਜ਼ਾਂ ਬਾਰੇ ਆਮ ਜਨਤਾ, ਫੌਜਦਾਰੀ ਨਿਆਂ ਪ੍ਰਣਾਲੀ ਵਿੱਚ ਦਿਲਚਸਪੀ ਲੈਣ ਜਾਂ ਸਾਮੂਲਿਯਤ ਦੀਆਂ ਇੱਛੁਕ ਸੰਸਥਾਵਾਂ ਅਤੇ ਨਿਆਂ ਪਾਲਿਕਾ  ਦੇ ਦ੍ਰਿਸ਼ਟੀਕੋਣ ਪ੍ਰਾਪਤ ਕਮ ਲਈ ਉਹ ਸੁਲਾਹਮਸ਼ਵਰਾ ਜਾ ਵਿਆਪਕ ਅਸਲ ਸ਼ੁਰੂ ਕਰ ਦੇ ਹਨ।

ਲਾਰਡ ਬੋਨੋਮੀ ਨੇ ਬੇਸ਼ਕ ਆਪਣੀ ਰਿਪੋਰਟ ਤਿਆਰ ਕਰਨ ਲੱਗਿਆਂ ਪਹਿਲਾਂ ਹੀ ਵਿਆਪਕ ਸੁਲਾਹਮਸ਼ਵਰਾ ਕੀਤਾ ਹੈ ਅਤੇ ਕਈ ਮੁੱਖ ਹਿੱਤਾਂ ਦੀ ਪ੍ਰਤਿਨਿਪਤਾ ਕਰਨ ਵਾਲੇ ਹਵਾਲਾ ਗਰੁਪ ਦਾ ਫਾਇਦਾ ਲਿਆ ਹੈ। ਅਸੀਂ ਰਿਪੋਟਰ ਦਾ ਸਵਾਗਤ ਕਰਦੇ ਹਾਂ ਅਤੇ ਯਕੀਨ ਕਰਦੇ ਹਾਂ ਕਿ ਹਾਈ ਕੋਰਟ ਦੀ ਕੁਸ਼ਲਤਾ ਵਿੱਚ ਮਹੱਤਵ ਪੂਰਣ ਬੇਹਤਰੀ ਲਿਆਉਣ ਦਾ ਆਧਾਰ ਬਣੇਗੀ, ਪਰ ਇਸ ਉੱਤੇ ਅਮਲ ਕਰਨ ਤੋਂ ਪਹਿਲਾਂ ਅਸੀਂ ਰਸਮੀ ਤੌਰ ਤੇ ਹੋਰ ਸ਼ਲਾਹਮਸ਼ਵਹਾ ਕਰਨਾ ਚਾਹਾਂਗੇ।

ਜਿਵੇਂ ਕਿ ਰਿਪੋਟਰ ਵਿੱਚ ਸੰਕੇਤ ਕੀਤਾ ਗਿਆ ਹੈ ਕਿ ਲਾਰਡ ਬੋਨੋਮੀ ਨੇ ਫੌਜਦਾਰੀ ਕਾਨੂੰਨੀ ਚਾਰਾ ਜੋਈ ਵਿੱਚ ਵਧੇਰੇ ਨਿਸ਼ਚਿਤਤਾ ਲਿਆਉਣ ਅਤੇ ਜਨਤਾ ਨੂੰ ਹੋਣ ਵਾਲੀ ਅਸੁਵਿੱਧਾ ਤੇ ਤਕਲੀਫ਼ ਘੱਟ ਕਰਨ ਲਈ ਇਕ ਸੰਗਠਿਤ ਸਕੀਮ ਤਿਆਰ ਕਰਨ ਦਾਂ ਕੋਸ਼ਿਸ਼ ਕੀਤੀ ਹੈ। ਇਸ ਸਕੀਮ ਦੇ ਤਿੰਨ ਮੁੱਖ ਪਹਿਲੂ ਹਨ - ਹਾਈ ਕੋਰਟ ਅਤੇ ਸ਼ੈਰਿਫ਼ ਅਦਾਲਤ ਦਰਮਿਆਨ ਅਦਾਲਤੀ ਅਧਿਕਾਰ ਖੇਤਰਾਂ ਵਿਚ ਤਬਦੀਲੀ, ਇਹ ਯਕੀਨੀ ਬਨਾਣ ਲਈ ਕਿ ਹਾਈ ਕੋਰਟ ਦੇ ਗੰਭੀਰ ਅਪਰਾਧਾਂ ਬਾਰੇ "110 ਦਿਨਾਂ ਦੇ ਨੇਮ" ਨੂੰ ਆਧੁਨਿਕ ਬਨਾਣ, ਅਤੇ ਮੁਢਲੀ ਸੁਣਵਾਈ ਦਾ ਸਿਲਸਲਾ ਸ਼ੁਰੂ ਕਰਨ ਅਤੇ ਇਲਤਵਾ ਦੀ ਜ਼ਰੂਰਤ ਸੀਮਿਤ ਕਰਨ ਲਈ ਹਾਈ ਕੋਰਟ ਵਿੱਚ ਮੁਕੱਦਮੇ ਦੀਆਂ ਤਾਰੀਖਾਂ ਨਿਸ਼ਚਿਤ ਕਰਨ ਉੱਤੇ ਧਿਆਨ ਕੇਂਦ੍ਰਿਤ ਕਰੇ। ਅਦਾਲਤੀ ਅਧਿਕਾਰ ਖੇਤਰਾਂ ਵਿੱਚ ਤਬਦੀਲੀ ਕਰਨ ਲਈ ਕਾਨੂੰਨ ਦੀ ਕਿਤਾਬ ਵਿੱਚ ਜੱਦ ਕਿ ਪਹਿਲਾਂ ਹੀ ਮੁਢਲਾ ਕਾਨੂੰਨੀ ਪ੍ਰਬੰਧ ਮੌਜੂਦ ਹੈ, ਪਰ ਦੂਜੇ ਮੁੱਖ ਪਹਿਲੂਆਂ ਉੱਤੇ ਅਮਲ ਕਰਨ ਲਈ ਮੁਢਲਾ ਕਾਨੂੰਨ ਬਨਾਣ ਦੀ ਜ਼ਰੂਰਤ ਪਵੇਗੀ। ਸਾਨੂੰ ਤਜਵੀਆਂ ਦੇ ਇਸ ਪੈਕੇਜ ਉੱਤੇ ਤੁਹਾਡੇ ਵਿਚਾਰਾਂ ਦੀ ਵਿਸ਼ੇਸ਼ ਜ਼ਰੂਰਤ ਹੈ।

ਲਾਰਡ ਬੋਨੋਮੀ ਨੇ ਕਈ ਹੋਰ ਸੰਬੰਧਿਤ ਸਿਫਾਰਸ਼ਾਂ ਵੀ ਕੀਤੀਆਂ ਹਨ, ਅਤੇ ਕਈ ਹੋਰ ਮਾਮਲਿਆਂ ਜਿਵੇਂ ਕਿ ਗਵਾਹ ਨੂੰ ਸੰਮਨ, ਸਹਾਦਤ ਹਾਈ ਕੋਰਟ ਦੀਖਾ, ਅਦਾਲਤੀ ਪ੍ਰਸ਼ਾਸਨ ਅਤੇ ਟਾਈਮ ਟੇਬਲ, ਕਾਨੂੰਨੀ ਸਹਾਇਤਾ, ਸਮਾਜੀ ਪੜਤਾਲ ਦੀਆਂ ਰਿਪੋਰਟਾਂ, ਟਕਨਾਲੌਜੀ ਦੀ ਵਰਤੋਂ ਅਤੇ ਨਿਆਂ ਪਾਲਿਕਾ ਦੇ ਹੋਲ ਉੱਤੇ ਵੀ ਤਜਵੀਜਾਂ ਪੇਸ਼ ਕੀਤੀਆਂ ਹਨ। ਇਹਨਾਂ ਵਿਚੋਂ ਕੁਛ ਉੱਤੇ ਪ੍ਰਸ਼ਾਸਨਕ ਕਾਰਵਾਈ ਦੇ ਜਰੀਏ ਅਮਲ ਕੀਤਾ ਜਾ ਸਕਦਾ ਹੈ ਅਤੇ ਜਿਥੋਂ ਤੱਕ ਸੰਭਵ ਹੋਇਆ ਕਾਰਜਕਾਰਣੀ ਦੇ ਜ਼ਰੀਏ ਮੁਢਲਾ ਕਾਨੂੰਨ ਬਣਨ ਤੋਂ ਪਹਿਲਾਂ ਗੈਰ-ਵਿਵਾਦਮੁਸਤ ਤਜਵੀਜਾਂ ਉੱਤੇ ਅਮਲ ਕੀਤਾ ਜਾ ਸਕਦਾ ਹੈ। ਉਦਾਹਰਣ ਦੇ ਤੌਰ ਤੇ 2 (f) ਤਜਵੀਜ਼ ਦੇ ਸੰਬੰਧ ਵਿੱਚ ਸਰਬਉੱਚ ਅਦਾਲਤ ਦੇ ਦਫਤਰ ਅਤੇ ਸਰਕਾਰੀ ਵਕੀਲ ਦੀ ਸਰਵਿਸ ਨੂੰ ਪਹਿਲੀ ਸੁਣਵਾਈ ਵਿੱਚ ਬੇਹਤਰੀ ਲਿਆਉਣ ਲਈ ਪਹਿਲਾਂ ਹੀ ਸਾਧਨ ਉਪਲਬੱਧ ਕੀਤੇ ਜਾ ਰਹੇ ਹਨ।

ਤੁਹਾਡੇ ਮਸ਼ਵਰਿਆਂ ਦੇ ਜਵਾਬ ਤੋਂ ਪਹਿਲਾਂ ਨਿਆਂ ਵਿਭਾਗ ਦੇ ਅਧਿਕਾਰੀ ਤੁਹਾਡੀ ਸੰਸਥਾ ਨਾਲ ਮੁਲਾਕਾਤ ਕਰਨਾ ਪਸੰਦ ਕਰਨਗੇ। ਜੇਕਰ ਤੁਸੀਂ ਕੋਈ ਸਹਾਇਤਾ ਚਾਹੋਗੇ ਤਾਂ ਮਿਸਸ਼ ਮੋਰੀਆ ਰਾਮਾਗੇ ਨੂੰ ਤੁਹਾਡੀ ਸਹਾਇਤਾ ਕਰਨ ਵਿੱਚ ਖੁਸ਼ੀ ਹੋਵੇਗੀ ਅਤੇ ਤੁਸੀਂ 0131 2442458 ਨੰਬਰ ਤੇ ਸੰਪਰਕ ਕਰ ਸਕਦੇ ਹੋ।

ਰਿਪੋਰਟ ਉੱਤੇ ਆਮ ਟਿਪਣੀਆਂ ਵਾਜੋਂ ਅਸੀਂ ਚੈਪਟਰ 20 ਵਿੱਚ ਵਿਅਕਤੀਗਤ ਸਿਫ਼ਾਰਸ਼ਾਂ ਉੱਤੇ ਕਿਸੇ ਕਿਸਮ ਦੀਆਂ ਵਿਆਪਕ ਟਿਪਣੀਆਂ ਪ੍ਰਾਪਤ ਕਰਨਾ ਪਸੰਦ ਕਰਾਂਗੇ। ਜੇਕਰ ਤੁਸੀਂ ਇੰਛ ਕਰਨਾ ਚਾਹੁੰਦੇ ਹੈ, ਤੁਸੀਂ ਆਪਣਾ ਜਵਾਬ ਰਿਕਾਰਡ ਕਰਨ ਲਈ ਸਕਾਟਲੈਂਡ ਦੀ ਕਾਰਜਕਾਰੀ ਵੈਬਸਾਈਟ http://www.scotland.gov.uk/liberary5/justice/rppi-28.asp ਉੱਤੇ ਇਲੈਕਟਰਾਨਿਕ ਫਾਰਮ ਦੀ ਵਰਤੋਂ ਕਰ ਸਕਦੇ ਹੋ। ਇਸ ਦੇ ਇਲਾਵਾ ਤੁਸੀਂ ਆਪਣਾ ਜਵਾਬ bonomy.consultation@scotland.gsi.gov.uk ਤੇ e-mail ਦੇ ਜ਼ਰੀਏ ਭੇਜ ਸਕਦੇ ਹੋ। ਨਿਆਂ ਵਿਭਾਗ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਦਾ ਕਾਰਜਕਾਰੀ ਸਾਰਾਂਸ਼ ਵੇਬਸਾਈਟ ਉੱਤੇ ਵੀ ਉਪਲਬੱਧ ਹੈ।

ਤੁਸੀਂ ਉਪਰ ਦਿੱਤੇ ਗਏ ਟੈਲੀਫੋਨ ਨੰਬਰ ਤੇ ਮੋਰੀਆ ਰਾਮਾਗੇ ਨਾਲ ਸੰਪਰਕ ਕਰ ਦੇ ਸਵਾਲਾਂ ਦੀ ਮੁਕੰਮਲ ਕਾਪੀ ਵੀ ਪ੍ਰਾਪਤ ਕਰ ਸਕਦੇ ਹੈ। ਜਵਾਬਾਂ ਦੀਆਂ ਮੁਕੰਮਲ ਕਾਪੀਆਂ ਹੇਠ ਲਿਖੇ ਪਤੇ ਉੱਤੇ ਭੇਜੀਆਂ ਜਾ ਸਕਦੀਆਂ ਹਨ।

Mrs M Ramage
Scottish Executive
Justice Department
Criminal Procedure Division
1WR
St Andrew's House
Regent Road
Edinburgh
EH1 3DG

ਆਮ ਪ੍ਰਚਲਨ ਅਨੁਸਾਰ, ਮਸ਼ਵਰਿਆਂ ਦੇ ਜਵਾਬ ਆਮ ਜਨਤਾ ਨੂੰ ਉਪਲਬੱਧ ਕੀਤੇ ਜਾਣਗੇ। ਪਰ ਜੇਕਰ ਤੁਸੀਂ ਆਪਣਾ ਜਵਾਬ, ਜਾਂ ਇਸ ਦਾ ਕੋਈ ਹਿੱਸਾ ਗੁਪਤ ਰਖਣਾ ਚਾਹੁੰਦੇ ਹੋ, ਕ੍ਰਿਪਾ ਕਰ ਦੇ ਇਸ ਬਾਰੇ ਸਪਸ਼ਟ ਤੌਰ ਤੇ ਲਿਖੋ ਅਤੇ ਇਸ ਦਾ ਸਨਮਾਨ ਕੀਤਾ ਜਾਏਗਾ।

ਮਸ਼ਵਰੇ ਭੇਜਣ ਦਾ ਸਮਾਂ 11 ਅਪਰੈਲ 2003 ਤੱਕ ਵਧਾ ਦਿਤਾ ਗਿਆ ਹੈ।

ਤੁਹਾਡੀ ਸ਼ੁਭ ਚਿੰਤਕ

M H Brannan

**MRS M BRANNAN**

INVESTOR IN PEOPLE
POSITIVE ABOUT DISABLED PEOPLE